202662675
6/5/2026
ਸ/-1

ਦਫਤਰ ਤਹਿਸੀਲਦਾਰ-ਕਮ-ਸ਼ੈਸਨ ਚਾਰਜ ਅਫਸਰ , ਤਲਵੰਡੀ ਸਾਬੋ।

ਵੱਲ ,

(1) ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ),ਬਠਿੰਡਾ ।

(2) ਜ਼ਿਲ੍ਹਾ ਸਿੱਖਿਆ ਅਫਸਰ (ਐ. ਸਿ),ਬਠਿੰਡਾ ।

ਪੱਤਰ ਨੰਬਰ C2-2 ਮਿਤੀ 5/05/26

ਵਿਸ਼ਾ - ਸੈਸ਼ਨ 2027 ਤਲਵੰਡੀ ਸਾਬੋ ਲਈ ਹੋਰ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਨਿਯੁਕਤੀ ਹੁਕਮ ਅਤੇ ਟ੍ਰੇਨਿੰਗ ਦੇ ਸ਼ਡਿਊਲ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸੈਂਸਜ 2027 ਤਹਿਸੀਲ ਤਲਵੰਡੀ ਸਾਬੋ ਲਈ ਸੈਂਸਜ ਰੂਲਜ 1950 ਦੇ ਨਿਯਮ 5 ਅਧੀਨ ਨਾਲ ਨੱਥੀ ਲਿਸਟ ਅਨੁਸਾਰ ਹੋਰ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਟ੍ਰੇਨਿੰਗ ਮਿਤੀ 07.05.2026 ਤੋਂ 09.05.2026 ਤੱਕ ਵੱਖ ਵੱਖ ਸਿਫਟਾਂ ਵਿੱਚ ਕਰਵਾਈ ਜਾ ਰਹੀ ਹੈ। ਇਸ ਟ੍ਰੇਨਿੰਗ ਵਿੱਚ ਦਾ ਸ਼ਿਫਟਵਾਈਜ਼ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ –

ਟ੍ਰੇਨਿੰਗ ਸ਼ਡਿਊਲ (ਤਹਿਸੀਲ ਤਲਵੰਡੀ ਸਾਬੋ)

ਗਰੁੱਪ ਨੰ:	ਮਿਤੀਆਂ (ਸਮਾਂ 9.30 ਤੋਂ 05.30)	ਟ੍ਰੇਨਿੰਗ ਦਾ ਸਥਾਨ	ਵਿਸ਼ੇਸ ਕਥਨ
01	07.05.2026 08.05.2026 09.05.2026	ਮੀਟਿੰਗ ਹਾਲ , ਈ.ਓ ਦਫਤਰ ਤਲਵੰਡੀ ਸਾਬੋ	ਸੁਪਰਵਾਈਜਰ ਲੜੀ ਨੰ: 1 ਤੋਂ 8 ਗਿਣਤੀਕਾਰ ਲੜੀ ਨੰ: 26 ਤੋਂ 63
02	07.05.2026 08.05.2026 09.05.2026	ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਤਲਵੰਡੀ ਸਾਬੋ	ਸੁਪਰਵਾਈਜਰ ਲੜੀ ਨੰ: 9 ਤੋਂ 16 ਗਿਣਤੀਕਾਰ ਲੜੀ ਨੰ: 64 ਤੋਂ 101
03	07.05.2026 08.05.2026 09.05.2026	ਯਾਦਵਿੰਦਰਾ ਕਾਲਜ , ਤਲਵੰਡੀ ਸਾਬੋ	ਸੁਪਰਵਾਈਜਰ ਲੜੀ ਨੰ: 17 ਤੋਂ 25 ਗਿਣਤੀਕਾਰ ਲੜੀ ਨੰ: 102 ਤੋਂ 141

ਨਾਲ ਨੱਥੀ ਲਿਸਟ ਅਨੁਸਾਰ ਸਮੂਹ ਨਿਯੁਕਤ ਕੀਤੇ ਕਰਮਚਾਰੀ ਸ਼ਡਿਊਲ ਅਨੁਸਾਰ ਸੈਂਸਜ ਐਕਟ 1948 ਅਧੀਨ ਆਪਣੀ ਡਿਊਟੀ ਤੇ ਹਾਜਰ ਹੋਣ ਲਈ ਪਾਬੰਦ ਹੋਣਗੇ । ਡਿਊਟੀ ਨਾਂ ਕਰਨ ਦੇ ਹਾਲਾਤ ਵਿੱਚ ਸਬੰਧਤ ਕਰਮਚਾਰੀਆਂ ਖਿਲਾਫ ਅਨੁਸ਼ਾਸਨੀ ਕਾਰਵਾਈ ਅਰੰਭੀ ਜਾਵੇਗੀ ।

ਨੱਥੀ – ਲਿਸਟ

ਸੈਂਸਜ ਚਾਰਜ ਅਫਸ-ਕਮ-
ਤਹਿਸੀਲਦਾਰ ਤਲਵੰਡੀ ਸਾਬੋ।

ਪਿੱਠ.ਅੰਕਣ ਨੰਬਰ C3-4 ਮਿਤੀ 5/05/26

ਇਸ ਦਾ ਇੱਕ ਉਤਾਰਾ –

(1) ਮਾਨਯੋਗ ਡਿਪਟੀ ਕਮਿਸ਼ਨਰ ਕਮ ਪ੍ਰਿੰਸੀਪਲ ਸੈਂਸਜ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

(2) ਉਪ ਅਰਥ ਅਤੇ ਅੰਕੜਾ ਸਲਾਹਕਾਰ –ਕਮ – ਅਡੀਸ਼ਨਲ ਸੈਂਸਜ ਅਫ਼ਸਰ ਬਠਿੰਡਾ ਨੂੰ ਸੂਚਨਾ ਹਿੱਤ ਅਤੇ ਫੀਲਡ ਟ੍ਰੇਨਰ ਨਿਯੁਕਤ ਕਰਨ ਹਿੱਤ।

ਸੈਂਸਜ ਚਾਰਜ ਅਫਸ-ਕਮ-
ਤਹਿਸੀਲਦਾਰ ਤਲਵੰਡੀ ਸਾਬੋ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 9019 ਮਿਤੀ : 06/05/26

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

06/05/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ